# ਸ਼੍ਰੇਣੀ - ਛੇਵੀਂ (ਸਾਇੰਸ) ਸੈਸ਼ਨ 2016-17

| ਮਹੀਨਾ | ਪਾਠ ਦਾ ਨਾਂ | ਉਦੇਸ਼ | ਕਿਰਿਆਵਾਂ |
|---|---|---|---|
| ਅਪ੍ਰੈਲ | ਪਾਠ-1<br>ਭੋਜਨ | • ਵਿਦਿਆਰਥੀਆਂ ਨੂੰ ਜਾਣਕਾਰੀ ਦੇਣਾ ਕਿ ਭੋਜਨ ਦੇ ਮੁੱਖ ਸਰੋਤ ਪੌਦੇ ਅਤੇ ਜੰਤੂ ਹਨ।<br>• ਭੋਜਨ ਦੇ ਆਧਾਰ ਤੇ ਵਿਦਿਆਰਥੀਆਂ ਨੂੰ ਜੰਤੂਆਂ ਦੀਆਂ ਵੱਖ-ਵੱਖ ਸ਼੍ਰੇਣੀਆਂ ਬਾਰੇ ਜਾਣੂ ਕਰਵਾਉਣਾ। | • ਧਰਤੀ ਤੇ ਉੱਗਣ ਵਾਲੇ ਅਜਿਹੇ ਪੌਦਿਆਂ ਦੇ ਨਾਂ ਪਤਾ ਕਰੋ ਜਿਹੜੇ ਭੋਜਨ ਦੇ ਤੌਰ ਤੇ ਵਰਤੇ ਜਾਂਦੇ ਹਨ।<br>• ਇੱਕ ਸਾਰਣੀ ਬਣਾਓ ਜਿਸ ਵਿੱਚ ਜੰਤੂਆਂ ਦੇ ਨਾਂ ਅਤੇ ਉਨ੍ਹਾਂ ਦੇ ਭੋਜਨ ਬਾਰੇ ਲਿਖਿਆ ਜਾਵੇ।<br>• ਇੱਕ ਸਾਰਣੀ ਬਣਾਓ ਜਿਸ ਵਿੱਚ ਜੰਤੂਆਂ ਨੂੰ ਵੱਖ-ਵੱਖ ਸ਼੍ਰੇਣੀਆਂ ਵਿੱਚ ਰੱਖਿਆ ਜਾਵੇ। |
| | ਪਾਠ-4<br>ਵਸਤੂਆ ਦੇ ਸਮੂਹ ਬਣਾਉਣਾ। | • ਵਿਦਿਆਰਥੀਆਂ ਨੂੰ ਜਾਣਕਾਰੀ ਦੇਣਾ ਕਿ ਸਾਡੇ ਆਲੇ-ਦੁਆਲੇ ਦੀਆਂ ਵਸਤੂਆਂ ਕਿਨ੍ਹਾਂ ਪਦਾਰਥਾਂ ਤੋਂ ਬਣੀਆਂ ਹੁੰਦੀਆਂ ਹਨ।<br>• ਵਿਦਿਆਰਥੀਆਂ ਨੂੰ ਪਦਾਰਥਾਂ ਦੇ ਗੁਣਾਂ ਬਾਰੇ ਜਾਣਕਾਰੀ ਦੇਣਾ। | • ਇੱਕ ਸਾਰਣੀ ਬਣਾਈ ਜਾਵੇ ਜਿਸ ਵਿੱਚ ਵੱਖ-ਵੱਖ ਵਸਤੂਆਂ ਅਤੇ ਪਦਾਰਥ, ਜਿਹਨਾਂ ਤੋਂ ਇਹ ਬਣਦੀਆਂ ਹਨ, ਦੇ ਨਾਮ ਲਿਖੇ ਜਾਣ।<br>• ਵੱਖ-ਵੱਖ ਵਸਤੂਆਂ ਪਾਣੀ ਵਿੱਚ ਪਾ ਕੇ ਦੇਖਣਾ ਕਿ ਉਹ ਡੁੱਬਦੀਆਂ ਹਨ ਜਾਂ ਤੈਰਦੀਆਂ ਹਨ।<br>• ਵਿਭਿੰਨ ਪਦਾਰਥ ਲੈ ਕੇ ਇਹ ਦੇਖਣਾ ਕਿ ਉਨ੍ਹਾਂ ਵਿੱਚੋਂ ਕਿਹੜੇ ਚਮਕੀਲੇ ਦਿਖਾਈ ਦਿੰਦੇ ਹਨ। |
| ਮਈ | ਪਾਠ-5<br>ਪਦਾਰਥਾਂ ਦਾ ਨਿਖੇੜਨ | • ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ ਕਿ ਪਦਾਰਥਾਂ ਨੂੰ ਨਿਖੇੜਣ ਦੀ ਜ਼ਰੂਰਤ ਕਿਉਂ ਹੁੰਦੀ ਹੈ?<br>• ਵਿਦਿਆਰਥੀਆਂ ਨੂੰ ਨਿਖੇੜਨ ਦੀਆਂ ਵੱਖ-ਵੱਖ ਵਿਧੀਆਂ ਬਾਰੇ ਜਾਣਕਾਰੀ ਦੇਣਾ।<br>• ਪਾਣੀ ਦੀ ਘੁਲਣਸ਼ੀਲਤਾ ਦੀ | • ਵਿਦਿਆਰਥੀਆਂ ਤੋਂ ਨਿਖੇੜਨ ਦੀਆਂ ਪ੍ਰਕਿਰਿਆਵਾਂ ਕਰਵਾਈਆਂ ਜਾਣ ਜਿਵੇਂ ਕਿ ਚਾਵਲਾਂ ਵਿਚੋਂ ਪੱਥਰਾਂ ਨੂੰ ਵੱਖ ਕਰਨਾ; ਚਾਹ ਦੀਆਂ ਪੱਤੀਆਂ ਨੂੰ ਅਲੱਗ ਕਰਨਾ ਆਦਿ।<br>• ਕਿਸੇ ਨੇੜੇ ਦੀ ਡੇਅਰੀ ਤੇ ਜਾ ਕੇ ਦੁੱਧ ਤੋਂ ਕਰੀਮ ਵੱਖ ਕਰਨ ਦੀ ਪ੍ਰਕਿਰਿਆ ਦਾ ਚਾਰਟ ਬਣਾਇਆ ਜਾਵੇ। |

| | | | |
|---|---|---|---|
| | | ਦਰ ਤੋਂ ਜਾਣੂ ਕਰਵਾਉਣਾ। | |
| | ਪਾਠ-11<br>ਪਰਛਾਵੇਂ ਪ੍ਰਕਾਸ਼ ਅਤੇ ਪਰਾਵਰਤਨ | • ਵਿਦਿਆਰਥੀਆਂ ਨੂੰ ਪਾਰਦਰਸ਼ੀ ਅਲਪਪਾਰਦਰਸ਼ੀ ਅਤੇ ਅਪਾਰਦਰਸ਼ੀ ਪਦਾਰਥਾਂ ਬਾਰੇ ਜਾਣਕਾਰੀ ਦੇਣਾ।<br>• ਛਾਇਆ ਅਤੇ ਪਰਾਵਰਤਨ ਬਾਰੇ ਜਾਣੂ ਕਰਵਾਉਣਾ। | • ਵਿਦਿਆਰਥੀਆਂ ਨੂੰ ਕੁੱਝ ਵਸਤੂਆਂ ਦਿਖਾਉਂਦੇ ਹੋਏ ਪੁੱਛੋ ਕਿ ਇਨ੍ਹਾਂ ਵਸਤੂਆਂ ਦੇ ਪਾਰ ਦੇਖਣਾ ਸੰਭਵ ਹੈ ਜਾਂ ਨਹੀਂ।<br>• ਵਿਦਿਆਰਥੀਆਂ ਤੋਂ ਇਹ ਕਿਰਿਆ ਕਰਵਾਈ ਜਾਵੇ ਕਿ ਕਿਸੇ ਹੇਨੇਰੇ ਕਮਰੇ ਵਿੱਚ ਜਦੋਂ ਤੁਸੀਂ ਆਪਣੇ ਚਿਹਰੇ ਦੇ ਸਾਹਮਣੇ ਕੋਈ ਦਰਪਣ ਰੱਖੋ ਤਾਂ ਕੀ ਤੁਸੀਂ ਦਰਪਣ ਵਿੱਚ ਪਰਾਵਰਤਨ ਦੇਖੋਗੇ? |
| ਜੂਨ | ਛੁੱਟੀਆਂ ਦੇ ਕੰਮ ਵਿੱਚ ਵਿਦਿਅਰਥੀਆਂ ਨੂੰ ਸਿਲੇਬਸ ਨਾਲ ਸਬੰਧਤ ਪ੍ਰੋਜੈਕਟ ਅਤੇ ਮਾਡਲ ਤਿਆਰ ਕਰਨ ਲਈ ਦੇਣਾ। | | |
| ਜੁਲਾਈ | ਪਾਠ-2<br>ਭੋਜਨ ਦੇ ਤੱਤ | • ਭੋਜਨ ਪਦਾਰਥਾਂ ਵਿੱਚ ਮੌਜੂਦ ਪੋਸ਼ਕ ਤੱਤਾਂ ਬਾਰੇ ਜਾਣੂ ਕਰਵਾਉਣਾ।<br>• ਵਿਦਿਆਰਥੀਆਂ ਨੂੰ ਸੰਤੁਲਿਤ ਭੋਜਨ ਨਾ ਖਾਣ ਨਾਲ ਹੋਣ ਵਾਲੇ ਤਰੁੱਟੀ ਰੋਗਾਂ ਬਾਰੇ ਦੱਸਣਾ। | • ਭੋਜਨ ਪਦਾਰਥਾਂ ਵਿੱਚ ਮੌਜੂਦ ਪੌਸ਼ਕ ਤੱਤਾਂ ਬਾਰੇ ਇੱਕ ਚਾਰਟ ਬਣਵਾਇਆ ਜਾਵੇ।<br>• ਵਿਦਿਆਰਥੀਆਂ ਤੋਂ ਇੱਕ ਚਾਰਟ ਬਣਵਾਇਆ ਜਾਵੇ ਜਿਸ ਵਿੱਚ ਵਿਟਾਮਿਨ ਅਤੇ ਖਣਿਜ ਲੂਣਾਂ ਦੀ ਘਾਟ ਕਾਰਨ ਹੋਣ ਵਾਲੇ ਤਰੁੱਟੀ ਰੋਗਾਂ ਦਾ ਵੇਰਵਾ ਹੋਵੇ। |
| | ਪਾਠ-12<br>ਬਿਜਲੀ ਅਤੇ ਸਰਕਟ | • ਵਿਦਿਆਰਥੀਆਂ ਨੂੰ ਬਿਜਲੀ ਸਰਕਟ ਦਾ ਮਹੱਤਵ ਦੱਸਣਾ।<br>• ਚਾਲਕ ਅਤੇ ਰੋਧਕ ਵਿਚਕਾਰ ਅੰਤਰ ਸਮਝਾਉਣਾ।<br>• ਘਰਾਂ ਵਿੱਚ ਵਰਤੇ ਜਾਂਦੇ ਉਪਕਰਨਾਂ ਨੂੰ ਜਾਣਨ ਦੀ ਉਤਸੁਕਤਾ ਪੈਦਾ ਕਰਨਾ। | • ਇਹ ਕਿਰਿਆ ਕਰਵਾਈ ਜਾਵੇ ਕਿ ਬਲਬ ਅਤੇ ਸੈੱਲ ਜੋੜਣ ਨਾਲ ਬਲਬ ਜਗੇਗਾ ਕਿ ਨਹੀਂ?<br>• ਬਿਜਲੀ ਚਾਲਕ ਅਤੇ ਬਿਜਲੀ ਰੋਧਕ ਪਦਾਰਥਾਂ ਦੀ ਸਾਰਣੀ ਬਣਾਉਣੀ। |
| ਅਗਸਤ | ਪਾਠ-13 | • ਵਿਦਿਆਰਥੀਆਂ ਨੂੰ ਚੁੰਬਕ | • ਵਿਦਿਆਰਥੀਆਂ ਨੂੰ ਇੱਕ ਚੁੰਬਕ ਦਿਖਾ |

| | | | |
|---|---|---|---|
| | ਚੁੰਬਕਾਂ ਰਾਹੀਂ ਮਨੋਰੰਜਨ | ਬਾਰੇ ਜਾਣਕਾਰੀ ਦੇਣਾ।<br>• ਖੇਡ-ਖੇਡ ਵਿੱਚ ਚੁੰਬਕ ਦੇ ਗੁਣਾਂ ਨੂੰ ਸਮਝਾਉਣਾ।<br>• ਪ੍ਰਯੋਗਾਤਮਕ ਤੌਂ ਤੇ ਬੱਚਿਆਂ ਦੀ ਜਗਿਆਸਾ ਨੂੰ ਵਧਾਉਣਾ। | ਕੇ ਉਸਦੇ ਆਕਾਰ ਅਤੇ ਉਸਦੀ ਵਿਸ਼ੇਸ਼ਤਾ ਬਾਰੇ ਪੁੱਛਣਾ।<br>• ਰੇਤ ਜਾਂ ਮਿੱਟੀ ਦੇ ਵਿੱਚ ਲੋਹ-ਚੂਰਨ, ਨਮਕ, ਕਿੱਲਾਂ, ਇੱਟਾਂ ਦਾ ਪਾਊਡਰ ਮਿਲਾ ਕੇ ਚੁੰਬਕ ਦੀ ਸਹਾਇਤਾ ਨਾ ਉਸ ਵਿੱਚੋਂ ਲੋਹੇ ਦੇ ਅੰਸ਼ਾਂ ਨੂੰ ਵੱਖ ਕਰਵਾਉਣਾ।<br>• ਛੜ ਚੁੰਬਕ ਦੇ ਉਪਯੋਗ ਨਾਲ ਲੋਹੇ ਦੀ ਸੂਈ ਨੂੰ ਚੁੰਬਕਿਤ ਕਰੋ। ਹੁਣ ਇਸ ਨੂੰ ਕਿਸੇ ਫੋਮ ਦੇ ਟੁਕੜੇ ਵਿਚੋਂ ਲੰਘਾਓ। ਇਸ ਨੂੰ ਪਾਣੀ ਨਾਲ ਭਰੇ ਪਿਆਲੇ ਵਿੱਚ ਰੱਖੋ। ਇਹ ਯਕੀਨੀ ਬਣਾਓ ਕਿ ਸੂਈ ਪਾਣੀ ਨੂੰ ਛੂਏ। ਇਹ ਕੰਪਾਸ ਹੁਣ ਕੰਮ ਕਰਨ ਲਈ ਤਿਆਰ ਹੈ। ਫਿਰ ਬੱਚਿਆਂ ਨੂੰ ਤਰਦੇ ਕਾਰਕ ਉੱਤੇ ਲੱਗੀ ਸੂਈ ਦੀ ਦਿਸ਼ਾ ਨੋਟ ਕਰਵਾਓ। |
| | ਪਾਠ-8<br>ਸਰੀਰ ਵਿੱਚ ਗਤੀ | • ਬੱਚਿਆਂ ਦੀ ਵਿਸ਼ਲੇਸ਼ਣ ਸ਼ਕਤੀ ਦਾ ਵਿਕਾਸ ਕਰਨਾ।<br>• ਕਿਰਿਆਤਮਕ ਵਿਧੀਆਂ ਰਾਹੀਂ ਵਿਗਿਆਨਕ ਸੋਚ ਦਾ ਵਿਕਾਸ ਕਰਨਾ। | • ਇੱਕ ਕਾਲਪਨਿਕ ਵਿਕਟ ਤੇ ਕਾਲਪਨਿਕ ਗੇਂਦ ਸੁੱਟਣ ਦੀ ਕੋਸ਼ਿਸ਼ ਕਰੋ। ਫਿਰ ਬੱਚਿਆਂ ਤੋਂ ਪੁੱਛੋ ਕਿ ਤੁਸੀਂ ਆਪਣਾ ਹੱਥ ਕਿਸ ਤਰ੍ਹਾਂ ਘੁਮਾਇਆ ਹੈ। ਪੁੱਛੋ ਕਿ ਤੁਹਾਡਾ ਮੋਢਾ ਵੀ ਗਤੀ ਕਰਦਾ ਹੈ?<br>• ਕਾਗਜ਼ ਦੀ ਇੱਕ ਪੱਟੀ ਨੂੰ ਵੇਲਣ ਦੇ ਰੂਪ ਵਿੱਚ ਮੋੜੋ। ਰਬੜ ਜਾਂ ਪਲਾਸਟਿਕ ਦੀ ਗੇਂਦ ਵਿੱਚ ਇੱਕ ਛੇਕ ਕਰਕੇ ਉਸ ਵਿੱਚ ਮੋੜੇ ਹੋਏ ਕਾਗਜ਼ ਦੇ ਵੇਲਨ ਨੂੰ ਫਿੱਟ ਕਰੋ। ਗੇਂਦ ਨੂੰ ਇੱਕ ਛੋਟੀ ਕਟੋਰੀ ਵਿੱਚਰੱਖ ਕੇ ਚਾਰੋਂ ਪਾਸੇ ਘੁਮਾਉਣ ਦਾ ਯਤਨ ਕਰੋ। ਫਿਰ ਪੁੱਛੋ ਕੀ ਗੇਂਦ ਕਟੋਰੀ ਵਿੱਚ ਆਜ਼ਾਦੀ ਨਾਲ ਘੁੰਮਦੀ ਹੈ |

| | | | |
|---|---|---|---|
| | | | ਜਾਂ ਨਹੀਂ। |
| ਸਤੰਬਰ | | ਦੁਹਰਾਈ ਅਤੇ ਐਸ.ਏ.-1 | |
| ਅਕਤੂਬਰ | ਅਧਿਆਇ-3<br>ਰੇਸ਼ਿਆਂ ਤੋਂ ਕੱਪੜੇ ਤੱਕ | • ਕੱਪੜੇ ਬਨਾਉਣ ਸਮੇਂ ਵਰਤੇ ਜਾਂਦੇ ਰੇਸ਼ਿਆਂ ਬਾਰੇ ਜਾਣ ਜਾਣਗੇ।<br>• ਪ੍ਰਯੋਗਾਤਮਕ ਤੌਰ ਤੇ ਬੱਚਿਆਂ ਦੀ ਜਗਿਆਸਾ ਨੂੰ ਵਧਾਉਣਾ।<br>• ਵੇਖਕੇ ਸਮਝ ਸਕਤੀ ਦਾ ਵਿਕਾਸ ਕਰਨਾ | • ਬੱਚਿਆਂ ਤੋਂ ਸੂਤੀ, ਉੱਨੀ ਅਤੇ ਰੇਸ਼ਮੀ ਕੱਪੜਿਆਂ ਦੇ ਟੁਕੜੇ ਮੰਗਵਾਓ ਅਤੇ ਚਰਚਾ ਕਰੋ। ਸੂਤੀ, ਉੱਨੀ ਅਤੇ ਰੇਸ਼ਮੀ ਧਾਗੇ ਕਾਪੀ ਵਿੱਚ ਚਿਪਕਾਉਣ ਲਈ ਕਹੋ।<br>• ਸੂਤੀ, ਉੱਨੀ ਅਤੇ ਰੇਸ਼ਮੀ ਧਾਗੇ ਬੱਚਿਆਂ ਤੋਂ ਮੰਗਵਾਓ। ਰੇਸ਼ੇ ਦੇ ਇੱਕ ਸਿਰੇ ਨੂੰ ਚਿਮਟੀ ਨਾਲ ਅਤੇ ਦੂਜੇ ਸਿਰੇ ਨੂੰ ਮੋਮਬੱਤੀ ਦੀ ਲਾਟ ਉੱਪਰ ਲਿਆਉ। ਬੱਚਿਆਂ ਨੂੰ ਨਿਰੀਖਣ ਕਰਨ ਲਈ ਕਹੋ। (ਅਧਿਆਪਕਾਂ ਲਈ:- ਪੇਜ਼ ਨੰ: 25, ਪਾਠ-3 ਤੇ ਸੁਝਾਅ ਹ)<br>• ਬੱਚਿਆਂ ਨੂੰ ਪਿੰਡ ਵਿੱਚ ਕਿਸੇ ਨੇੜਲੀ ਹੱਥ ਖੱਡੀ ਦਾ ਦੌਰਾ ਕਰਨ ਲਈ ਕਹੋ। |
| | ਪਾਠ-6<br>ਸਾਡੇ ਆਲੇ-ਦੁਆਲੇ ਦੇ ਪਰਿਵਰਤਨ | • ਖੇਡ ਖੇਡ ਵਿੱਚ ਵਿਗਿਆਨਕ ਸੋਚ ਪੈਦਾ ਕਰਨਾ।<br>• ਇਹ ਕਿਰਿਆ ਪਹਿਲੀ-ਕਿਰਿਆ ਨਾਲ ਤੁਲਨਾਤਮਕ ਰੂਪ ਵਿੱਚ ਬੱਚੇ ਦਾ ਗਿਆਨ ਵਧਾਉਂਦੀ ਹੈ।<br>• ਡੈਟਾ ਇੱਕਠਾ ਕਰਨ ਨਾਲ ਬੱਚਿਆਂ ਦੀ ਵਿਸ਼ਲੇਸ਼ਣ ਸ਼ਕਤੀ ਦਾ ਵਿਕਾਸ | • ਪਰਤਵੇਂ ਪਰਿਵਰਤਨ ਨੂੰ ਦਰਸਾਉਣ ਲਈ ਬੱਚਿਆਂ ਨੂੰ ਗੁਬਾਰਾ ਫੁਲਾਉਣ ਅਤੇ ਹਵਾ ਬਾਹਰ ਨਿਕਾਲਣ ਦੀ ਕਿਰਿਆ ਕਰਵਾਓ।<br>• ਅਪਰਤਵੇਂ ਪਰਿਵਰਤਨ ਨੂੰ ਦਰਸਾਉਣ ਲਈ ਬੱਚਿਆਂ ਨੂੰ ਗੁਬਾਰਾ ਫੁਲਾਉਣ ਲਈ ਕਹੋ ਅਤੇ ਫਿਰ ਨੁਕੀਲੀ ਪੈਨਸਿਲ ਨਾਲ ਛੇਕ ਕਰਨ ਲਈ ਕਹੋ।<br>• ਇਕ ਸਾਲ ਵਿੱਚ ਮੌਸਮ ਦੇ ਅਨੁਸਾਰ ਸਬਜ਼ੀਆਂ, ਕੱਪੜੇ ਅਤੇ ਕੁਦਰਤ ਵਿੱਚ ਹੋਣ ਵਾਲੇ ਪਰਿਵਰਤਨਾਂ ਦਾ ਰਿਕਾਰਡ |

| | | | |
|---|---|---|---|
| | | | ਤਿਆਰ ਕਰਨ ਲਈ ਕਹੋ। ਇਨ੍ਹਾਂ ਵਿੱਚ ਉਲਟਾਏ ਜਾਣ ਵਾਲੇ ਜਾਂ ਨਾ ਉਲਟਾਏ ਜਾਣ ਵਾਲੇ ਪਰਿਵਰਤਨਾਂ ਦੀ ਪਛਾਣ ਕਰਨ ਲਈ ਕਹੋ। |
| ਨਵੰਬਰ | ਪਾਠ-7<br>ਪੌਦਿਆਂ ਨੂੰ ਜਾਣੋ | • ਕਿਰਿਆਤਮਕ ਵਿਧੀਆਂ ਦੁਆਰਾ ਵਿਗਿਆਨਕ ਸੋਚ ਦਾ ਵਿਕਾਸ ਕਰਨਾ।<br>• ਪੱਤੇ ਦੇ ਵੱਖ-ਵੱਖ ਭਾਗਾਂ ਨੂੰ ਕਲਾਤਮਕ ਦ੍ਰਿਸ਼ਟੀ ਨਾਲ ਬਣਾਉਣ ਤੇ ਸਾਕਾਰਾਤਮਕ ਸੋਚ ਦਾ ਵਿਕਾਸ ਹੋਣਾ।<br>• ਵਿਗਿਆਨਿਕ ਸੋਚ ਦਾ ਵਿਕਾਸ ਹੋਣਾ। | • ਗਲਾਸ ਨੂੰ ਇੱਕ ਤਿਹਾਈ ਪਾਣੀ ਨਾਲ ਭਰ ਕੇ ਉਸ ਵਿੱਚ ਨੀਲੀ/ਲਾਲ ਸਿਆਹੀ ਦੀਆਂ ਬੂੰਦਾ ਪਾਓ। ਬੂਟੇ ਦੇ ਤਣੇ ਨੂੰ ਧਰਤੀ ਨੇੜਿਓ ਕੱਟ ਕੇ ਗਿਲਾਸ ਵਿੱਚ ਬੱਚਿਆਂ ਨੂੰ ਰੱਖਣ ਲਈ ਕਹੋ। ਅਗਲੇ ਦਿਨ ਬੱਚਿਆਂ ਨੂੰ ਟਾਹਣੀ ਵਿਖਾਓ। ਇਹ ਕਿਰਿਆ ਘਰ ਲਈ ਵੀ ਦਿੱਤੀ ਜਾ ਸਕਦੀ ਹੈ।<br>• ਬੱਚਿਆਂ ਨੂੰ ਕਾਪੀ ਵਿੱਚ ਪੱਤੇ ਨੂੰ ਛਾਪਣ ਲਈ ਕਹੋ ਅਤੇ ਜਾਣਕਾਰੀ ਦਿਉ।<br>• ਸਕੂਲ ਵਿੱਚ ਕਿਸੇ ਗਮਲੇ ਵਿੱਚ ਲੱਗੇ ਬੂਟੇ ਦੀ ਟਾਹਣੀ ਤੇ ਪਾਲੀਥੀਨ ਦੀ ਥੈਲੀ ਬੰਨ ਕੇ ਉਤਸਰਜਨ ਕਿਰਿਆ ਸਮਝਾਉ। |
| | ਪਾਠ-10<br>ਗਤੀ ਅਤੇ ਦੂਰੀਆਂ ਦਾ ਮਾਪਣ | • ਖੇਡ-ਖੇਡ ਨਾਲ ਸਿੱਖਣ ਦੀ ਭਾਵਨਾ ਪੈਦਾ ਕਰਨਾ<br>• ਤੁਲਨਾਤਮਕ ਦ੍ਰਿਸ਼ਟੀ ਦਾ ਵਿਕਾਸ ਹੋਣਾ ਅਤੇ ਸੋਚ ਦਾ ਦਾਇਰਾ ਵੱਧਣਾ | • ਡੋਰੀ ਅਤੇ ਸਕੇਲ ਦਾ ਉਪਯੋਗ ਕਰਕੇ ਹਰੇਕ ਵਿਦਿਆਰਥੀ ਨੂੰ ਉਸਦੇ ਪੈਰ ਦੀ ਲੰਬਾਈ ਦਾ ਮਾਪ ਕਰਨ ਲਈ ਕਹੋ।<br>• ਸਰਲ ਰੇਖਾ ਅਤੇ ਵਕਰ ਰੇਖਾ ਨੂੰ ਧਾਗੇ ਦੀ ਸਹਾਇਤਾ ਨਾਲ ਕਾਪੀ ਤੇ ਬਨਾਉਣ ਲਈ ਬੱਚਿਆਂ ਨੂੰ ਕਹੋ।<br>• ਸਕੇਲ ਨੂੰ ਸਹੀ ਅਤੇ ਗਲਤ ਤਰੀਕੇ ਨਾਲ ਪੜ੍ਹਨ ਵਿੱਚ ਅੰਤਰ ਸਮਝਾਓ। |

| | | | |
|---|---|---|---|
| | | | • ਚਕਰਾਕਾਰ ਗਤੀ ਅਤੇ ਆਵਰਤੀ ਗਤੀ ਦੀਆਂ ਤਿੰਨ-ਤਿੰਨ ਉਦਾਹਰਨਾਂ ਚਿੱਤਰਾਂ ਸਮੇਤ ਬਣਾਉਣ ਲਈ ਕਹੋ। |
| | | ਨਵੰਬਰ **F.A-3** | |
| ਦਸੰਬਰ | ਪਾਠ-9<br>ਸਜੀਵ ਅਤੇ ਉਨ੍ਹਾਂ ਦਾ ਚੌਗਿਰਦਾ | • ਚਿੱਤਰਾਂ ਨੂੰ ਵੇਖਕੇ ਬੱਚਿਆਂ ਦੇ ਵਿਚਾਰਾਂ ਦਾ ਵਿਕਾਸ ਹੋਣਾ।<br>• ਨਵੀਂ ਸਾਕਰਾਤਮ ਸੋਚ ਅਤ ਭੂਗੋਲਿਕ, ਵਾਤਾਵਰਣਿਕ ਕਾਰਕਾਂ ਬਾਰੇ ਗਿਆਨ ਵਿੱਚ ਵਾਧਾ। | • ਬੱਚਿਆਂ ਨੂੰ ਪੌਦਿਆਂ ਅਤੇ ਜੰਤੂਆਂ ਦੇ ਚਿੱਤਰ ਇੱਕਠੇ ਕਰਨ ਲਈ ਕਹੋ ਅਤੇ ਕਲਾਸ ਵਿੱਚ ਉਨ੍ਹਾਂ ਦੇ ਆਵਾਸ ਦੀ ਚਰਚਾ ਕਰੋ।<br>• ਪਤਾ ਕਰੋ ਧਰੁਵੀ ਭਾਲੂ ਅਤੇ ਪੈਂਗੁਇਨ ਦੇ ਆਵਾਸ ਕਿੱਥੇ ਹਨ? ਦੋਹਾਂ ਜੰਤੂਆਂ ਦੇ ਦੋ-ਦੋ ਅਜਿਹੇ ਅਨੁਕੂਲਣ ਗੁਣ ਦੱਸੋ ਜਿਸ ਤੋਂ ਪਤਾ ਚਲ ਸਕੇ ਕਿ ਉਹ ਆਪਣੇ ਆਵਾਸ ਲਈ ਚੰਗੀ ਤਰ੍ਹਾਂ ਅਨੁਕੂਲਿਤ ਹਨ। |
| | ਪਾਠ-14<br>ਜਲ | • ਪਾਣੀ ਦੀ ਸੰਭਾਲ ਪ੍ਰਤੀ ਜਾਗਰੂਕਤਾ ਪੈਦਾ ਕਰਨਾ।<br>• ਕੁਦਰਤੀ ਆਫਤਾਂ ਬਾਰੇ ਜਾਗਰਕ ਕਰਨਾ ਅਤੇ ਬਚਾਅ ਲਈ ਜਾਣਕਾਰੀ ਦੇਣਾ।<br>• ਵਿਗਿਆਨਿਕ ਸੋਚ ਦਾ ਵਿਕਾਸ | • ਪਾਣੀ ਦੀ ਬਚੱਤ ਦੇ ਉਪਾਅ ਤੇ ਪੋਸਟਰ ਬਣਵਾਉ ਅਤੇ ਸਕੂਲ ਦੇ ਸੂਚਨਾ ਬੋਰਡ ਤੇ ਪ੍ਰਦਰਸ਼ਿਤ ਕਰ।<br>• ਪੁਰਾਣੀ ਮੈਗਜ਼ੀਨ /ਅਖਬਾਰ ਵਿੱਚ ਦਿੱਤੇ ਹੜ੍ਹ/ਸੋਕੇ ਦੇ ਚਿੱਤਰ ਇੱਕਠੇ ਕਰਕੇ ਕਾਪੀ ਵਿੱਚ ਚਿਪਕਾਣ ਲਈ ਕਹੋ।<br>• ਪਾਣੀ ਨਾਲ ਭਰੇ ਗਿਲਾਸ ਦੇ ਬਾਹਰ ਪਾਣੀ ਦੀਆਂ ਬੂੰਦਾਂ ਦਾ ਕਾਰਨ ਕਿਰਿਆ ਦੁਆਰਾ ਸਮਝਾਓ। |
| ਜਨਵਰੀ | ਪਾਠ-15<br>ਸਾਡੇ ਚਾਰੇ ਪਾਸੇ | • ਖੇਡ-ਖੇਡ ਨਾਲ ਵਿਗਿਆਨ ਨੂੰ ਸਮਝਣਾ ਅਤੇ ਹਵਾ ਕਿਵੇਂ | • ਕਾਗਜ਼ ਦੀ ਫਿਰਕੀ ਬਣਾ ਕੇ, ਡੰਡੀ ਤੋਂ ਪਕੜ ਕੇ, ਹਵਾ ਵਿੱਚ ਘੁਮਾਓ ਅਤੇ ਇਸ |

| | | | |
|---|---|---|---|
| | ਹਵਾ | ਊਰਜਾ ਦਾ ਸ੍ਰੋਤ ਹੈ, ਬਾਰੇ ਦੱਸਣਾ।<br>• ਬੱਚਿਆਂ ਦੀ ਉਤਸੁਕਤਾ ਨੂੰ ਵਧਾਉਣਾ।<br>• ਸਧਾਰਨ ਕਿਰਿਆਵਾਂ ਦੁਆਰਾ ਆਲੇ-ਦੁਆਲੇ ਦੀਆਂ ਵਸਤੂਆਂ ਦਾ ਵਿਸ਼ਲੇਸ਼ਣ ਕਰਨਾ ਸਿਖਾਉਣਾ। | ਦਾ ਕਾਰਨ ਬੱਚਿਆਂ ਨੂੰ ਸਮਝਾਓ।<br>• ਜਲਦੀ ਮੋਮਬੱਤੀ ਤੇ ਕੱਚ ਦੇ ਗਲਾਸ ਨੂੰ ਉਲਟਾ ਕਰਕੇ ਰੱਖਦੇ ਹਏ, ਹਵਾ ਵਿੱਚ ਆਕਸੀਜ਼ਨ ਦੀ ਹੋਂਦ ਨੂੰ ਦਿਖਾਓ।<br>• ਮਿੱਟੀ ਵਿਚਲੀ ਹਵਾ ਨੂੰ ਸਮਝਾਉਣ ਲਈ ਬੀਕਰ ਵਿੱਚ ਮਿੱਟੀ ਪਾ ਕੇ ਉਸ ਉੱਪਰ ਪਾਣੀ ਪਾਉ। ਉਸ ਵਿੱਚੋਂ ਨਿਕਲਦੇ ਬੁਲਬੁਲਿਆਂ ਦਾ ਕਾਰਨ ਵੀ ਦੱਸੋ। |
| | ਪਾਠ-16<br>ਕੂੜੇ ਕਰਕਟ ਦੀ ਸੰਭਾਲ ਅਤੇ ਨਿਪਟਾਰੇ ਦਾ ਪ੍ਰਬੰਧ | • ਵਾਤਾਵਰਣ ਦੀ ਸੰਭਾਲ ਵਿੱਚ ਯੋਗਦਾਨ ਪਾਉਣਾ ਸਿਖਾਉਣਾ।<br>• ਘਰੇਲੂ ਫਾਲਤੂ ਪਦਾਰਥਾਂ ਦੀ ਮੁੜ ਵਰਤੋਂ ਬਾਰੇ ਜਾਗਰੂਕ ਕਰਨਾ<br>• ਪੁਨਰ ਚੱਕਰ, ਗਲਣਯੋਗ ਅਤੇ ਨਾਂ ਗਲਣਯੋਗ ਪਦਾਰਥਾਂ ਨੂੰ ਟਿਕਾਣੇ ਲਗਾਉਣਾ ਸਿਖਾਉਣਾ।<br>• ਤੁਲਨਾਤਮਕ ਸੋਚ ਦਾ ਵਿਕਾਸ ਕਰਨ | • ਘਰ ਵਿੱਚ ਪਈਆਂ ਪੁਰਾਣੀਆਂ ਵਸਤੂਆਂ ਜਿਵੇਂ ਬੋਤਲਾਂ, ਚੂੜੀਆਂ, ਨਾਰੀਅਲ ਦਾ ਛਿੱਲੜ, ਵਧਾਈ ਕਾਰਡ ਅਤੇ ਹੋਰ ਅਣਉਪਯੋਗੀ ਵਸਤਾਂ ਨੂੰ ਇੱਕਤਰ ਕਰਨ ਲਈ ਅਤੇ ਇਨ੍ਹਾਂ ਨੂੰ ਸੁੱਟਣ ਦੀ ਥਾਂ ਉਪਯੋਗੀ ਚੀਜਾਂ ਬਣਾਉਣ ਲਈ ਬੱਚਿਆਂ ਨੂੰ ਕਹੋ।<br>• ਕੂੜਾ ਕਰਕਟ ਤੋਂ ਖਾਦ ਬਣਾਉਣ ਦੀ ਪ੍ਰਕਿਰਿਆ ਨੂੰ ਬੱਚਿਆਂ ਨਾਲ ਸਾਂਝਾ ਕਰੋ।<br>• ਸਕੂਲ ਵਿੱਚ ਨੀਲੇ ਅਤੇ ਹਰੇ ਕੂੜੇਦਾਨਾਂ ਦੀ ਉਪਯੋਗਤਾ ਬਾਰੇ ਬੱਚਿਆਂ ਨੂੰ ਦੱਸੋ। |